# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

*ਈ.ਮੇਲ:* deose.amritsar@punjabeducation.gov.in *ਫੋਨ ਅਤੇ ਫੈਕਸ ਨੰਬਰ:* 0183-2225896

1)ਸਮੂਹ ਕਲੱਸਟਰ ਇੰਚਾਰਜ ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
2)ਪ੍ਰਾਇਵੇਟ/ਮਾਨਤਾ ਪ੍ਰਾਪਤ/ਆਦਰਸ਼ ਸਕੂਲ
ਮਿਡਲ/ਹਾਈ/ਸੈਕੰਡਰੀ ਸਕੂਲ
ਜਿਲਾ ਅੰਮ੍ਰਿਤਸਰ ।

**ਅਤੀ ਜਰੂਰੀ/ਮਿਤੀ ਬੱਧ**

ਪੱਤਰ ਨੰ: ਜੀ-6/2019- 2019416133
ਮਿਤੀ :- 9/12/2019

ਵਿਸ਼ਾ :- ਵਿਦਿਆਰਥੀਆਂ ਤੋ ਆਧਾਰ ਕਾਰਡ ਦੇਣ/ਨੋਟ ਕਰਵਾਉਣ ਵਿਚ ਕੋਈ ਇਤਰਾਜ ਨਾ ਹੋਣ ਸਬੰਧੀ ਆਪਣੇ ਕਲੱਸਟਰ ਅਧੀਨ ਸਕੂਲਾਂ ਪਾਸੋ ਸਰਟੀਫਿਕੇਟ ਲੈਣ ਉਪਰੰਤ ਭੇਜਣ ਬਾਰੇ ।

ਹਵਾਲਾ : ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ , ਪੰਜਾਬ ਦੇ ਪੱਤਰ ਨੰ: 8/3-2017 ਵਜੀਫਾ (2)/2019413678 ਮਿਤੀ 05-12-2019 ਦੇ ਸਬੰਧ ਵਿਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡੀ.ਬੀ.ਟੀ ਸਕੀਮਾਂ ਲਈ ਆਧਾਰ ਕਾਰਡ ਦੀ ਵਰਤੋ Authenticity ਦੇ ਤੌਰ ਤੇ ਕੀਤੀ ਜਾਂਦੀ ਹੈ । ਇਸ ਲਈ ਆਪ ਵੱਲੋ **ਆਪਣੇ ਕਲੱਸਟਰ ਅਧੀਨ ਆਉਦੇ ਸਮੂਹ ਸਕੂਲਾਂ** ਤੋ ਇਹ ਸਰਟੀਫਿਕੇਟ ਲੈ ਲਿਆ ਜਾਵੇ ਕਿ ਉਨ੍ਹਾਂ ਵੱਲੋ ਡੀ.ਬੀਟੀ. ਵਜੀਫਾ ਸਕੀਮਾਂ ਅਧੀਨ ਅਪਲਾਈ ਕਰਨ ਵਾਲੇ ਸਮੂਹ ਵਿਦਿਆਰਥੀਆਂ ਤੋ ਕੰਸੈਟ ਲੈ ਲਈ ਹੈ ਕਿ ਉਨ੍ਹਾਂ ਨੂੰ ਆਧਾਰ ਕਾਰਡ ਦੇਣ/ਨੋਟ ਕਰਵਾਉਣ ਵਿਚ ਕੋਈ ਵੀ ਇਤਰਾਜ ਨਹੀ ਹੈ । ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 18 ਸਾਲ ਤੋ ਘੱਟ ਹੈ , ਉਨ੍ਹਾਂ ਦੇ ਮਾਪਿਆਂ ਤੋ ਇਤਰਾਜਹੀਣਤਾ ਸਰਟੀਫਿਕੇਟ ਲੈ ਕੇ ਰਿਕਾਰਡ ਵਿਚ ਰੱਖ ਲਿਆ ਗਿਆ ਹੈ ।ਇਸ ਸਬੰਧੀ ਆਪ ਨੂੰ ਇਸ ਦਫਤਰ ਵੱਲੋ ਪਹਿਲਾਂ ਵੀ ਪੱਤਰ ਲਗਾਇਆ ਜਾ ਚੁੱਕਾ ਹੈ । ਹੁਣ ਆਪਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋ ਆਪਣੇ ਕਲੱਸਟਰ ਅਧੀਨ ਆਉਦੇ ਸਕੂਲਾਂ ਦਾ ਸਰਟੀਫਿਕੇਟ ਲੈਕੇ ਆਪਣੇ ਰਿਕਾਰਡ ਰੱਖ ਲਿਆ ਜਾਵੇ ਅਤੇ ਇਸ ਦਫਤਰ ਨੂੰ ਸਮੂਹ ਕਲੱਸਟਰ ਦਾ ਸਰਟੀਫਿਕੇਟ ਮਿਤੀ **11/12/2019** ਤੱਕ ਹਰ ਹਾਲਤ ਵਿਚ ਇਸ ਦਫਤਰ ਦੀ ਈਮੇਲ scholarshipamritsar@gmail.com ਤੇ ਪੀ.ਡੀ.ਐਫ. ਰੂਪ ਵਿਚ ਨੱਥੀ ਸਰਟੀਫਿਕੇਟ ਭੇਜਿਆ ਜਾਵੇ ।

ਨੋਟ : **ਇਹ ਸਰਟੀਫਿਕੇਟ ਸਿਰਫ ਪੀ.ਡੀ.ਐਫ. ਰੂਪ ਵਿਚ ਭੇਜਿਆ ਜਾਵੇ , ਜਿਸ ਤੇ ਕਲੱਸਟਰ ਪ੍ਰਿੰਸੀਪਲ ਦੇ ਬਾਕਾਇਦਾ** ਹਸਤਾਖਰ ਹੋਣੇ ਜਰੂਰੀ ਹਨ । **ਪ੍ਰਾਇਵੇਟ/ਮਾਨਤਾ ਪ੍ਰਾਪਤ/ਏਡਿਡ/ਆਦਰਸ਼ (ਮਿਡਲ/ਹਾਈ/ਸੈਕੰਡਰੀ )ਸਕੂਲ ਵੀ ਆਪਣਾ ਆਪਣਾ ਸਰਟੀਫਿਕੇਟ ਇਸ ਦਫਤਰ ਦੀ ਈਮੇਲ ਤੇ ਭੇਜਣਾ ਯਕੀਨੀ ਬਨਾਉਣ । ਜੇਕਰ ਭਵਿੱਖ ਵਿਚ ਵਿਦਿਆਰਥੀ ਦੀ ਕੰਸੈਟ ਜਾਂ ਉਸਦੇ ਮਾਪਿਆਂ ਦੀ ਕੰਸੈਟ ਤੋ ਬਗੈਰ ਆਧਾਰ ਕਾਰਡ ਦੀ ਵਰਤੋ ਦਾ ਕੋਈ ਵੀ ਮਾਮਲਾ ਸਾਹਮਣੇ ਆਉਦਾ ਹੈ ਜਾਂ ਇਸ ਸਬੰਧੀ ਕੋਈ ਵੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ , ਉਸ ਸਥਿਤੀ ਵਿਚ ਨਿਕਲਣ ਵਾਲੇ ਸਿੱਟਿਆਂ ਦੀ ਸਮੂਹ ਜਿੰਮੇਵਾਰੀ ਸਕੂਲ ਪ੍ਰਿੰਸੀਪਲ ਦੀ ਹੋਵੇਗੀ ।**

ਨੱਥੀ : ਸਰਟੀਫਿਕੇਟ ਦਾ ਨਮੂਨਾ

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ।

# ਆਧਾਰ ਕਾਰਡ ਦੀ ਵਰਤੋ ਲਈ ਇਤਰਾਜਹੀਣਤਾ ਸਰਟੀਫਿਕੇਟ

ਮੈ ________________ ਕਲੱਸਟਰ ਇੰਚਾਰਜ ਪ੍ਰਿੰਸੀਪਲ ____________________________ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੈ ਆਪਣੇ ਸਕੂਲ ਅਤੇ ਆਪਣੇ ਅਧੀਨ ਆਉਦੇ ਸਮੂਹ ਸਕੂਲਾਂ ਪਾਸੋ ਇਹ ਸਰਟੀਫਿਕੇਟ ਪ੍ਰਾਪਤ ਕਰ ਲਿਆ ਹੈ ਕਿ ਉਨ੍ਹਾਂ ਵੱਲੋ ਡੀ.ਬੀ.ਟੀ ਸਕੀਮਾਂ ਲਈ ਆਧਾਰ ਕਾਰਡ ਦੀ ਵਰਤੋ Authenticity ਦੇ ਤੌਰ ਤੇ ਕਰਨ ਲਈ ਸਮੂਹ ਵਿਦਿਆਰਥੀਆਂ ਪਾਸੋ ਕੰਸੈਂਟ /ਇਤਰਾਜਹੀਣਤਾ ਸਰਟੀਫਿਕੇਟ ਲੈਣ ਉਪਰੰਤ ਸਕੂਲ ਰਿਕਾਰਡ ਵਿਚ ਰੱਖ ਲਈ ਗਿਆ ਹੈ ਕਿ ਸਕੂਲ ਨੂੰ ਆਧਾਰ ਕਾਰਡ ਦੇਣ/ਨੋਟ ਕਰਵਾਉਣ ਵਿਚ ਸਬੰਧਤ ਵਿਦਿਆਰਥੀ ਨੂੰ ਕੋਈ ਇਤਰਾਜ ਨਹੀ ਹੈ । ਜਿਹੜੇ ਵਿਦਿਆਰਥੀ 18 ਸਾਲ ਦੀ ਉਮਰ ਤੋ ਘੱਟ ਹਨ, ਉਨ੍ਹਾਂ ਦੇ ਮਾਪਿਆਂ ਤੋ ਇਤਰਾਜਹੀਣਤਾ ਸਰਟੀਫਿਕੇਟ ਲੈ ਕੇ ਸਕੂਲ ਰਿਕਾਰਡ ਵਿਚ ਰੱਖ ਲਿਆ ਗਿਆ ਹੈ ।

ਸਕੂਲ ਪ੍ਰਿੰਸੀਪਲ